ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਸ਼ਹੀਦ ਭਗਤ ਸਿੰਘ ਨਗਰ

ਪ੍ਰੈੱਸ ਨੋਟ-1

ਜ਼ਿਲ੍ਹਾ ਮੈਜਿਸਟ੍ਰੇਟ ਵਲੋਂ ਜ਼ਿਲ੍ਹੇ ਵਿੱਚ 9 ਮਈ ਤੋਂ ਦੁਕਾਨਾਂ 'ਰੋਸਟਰ' ਆਧਾਰ 'ਤੇ ਸਵੇਰੇ 7 ਤੋਂ ਦੁਪਹਿਰ 1 ਵਜੇ ਤੱਕ ਖੋਲ੍ਹਣ ਦੀ ਪ੍ਰਵਾਨਗੀ

ਖਰੀਦਦਾਰੀ ਲਈ ਬਾਜ਼ਾਰ ਜਾਣ ਸਮੇਂ ਪੈਦਲ ਜਾਂ ਕੇਵਲ ਦੋ ਪਹੀਆ ਵਾਹਨ ਦਾ ਹੀ ਇਸਤੇਮਾਲ ਕੀਤਾ ਜਾਵੇ

ਦੋ ਪਹੀਆ ਵਾਹਨ ਉਪਰ ਕੇਵਲ ਇੱਕ ਹੀ ਵਿਅਕਤੀ ਨੂੰ ਬੈਠਣ ਦੀ ਆਗਿਆ

ਕੰਨਟੇਨਮੈਂਟ ਜ਼ੋਨ ਦੇ 24 ਪਿੰਡਾਂ/ਵਾਰਡਾਂ 'ਚ ਕੋਈ ਢਿੱਲ ਨਹੀਂ

ਨਵਾਂਸ਼ਹਿਰ, 8 ਮਈ-

ਜ਼ਿਲ੍ਹਾ ਮੈਜਿਸਟ੍ਰੇਟ ਸ਼ਹੀਦ ਭਗਤ ਸਿੰਘ ਨਗਰ ਸ੍ਰੀ ਵਿਨੈ ਬਬਲਾਨੀ ਨੇ ਜ਼ਿਲ੍ਹੇ ਵਿੱਚ ਕੋਵਿਡ-19 ਕਰਫਿਊ/ਲਾਕ ਡਾਊਨ ਦੇ ਮੱਦੇਨਜ਼ਰ ਵਧੀਕ ਮੁੱਖ ਸਕੱਤਰ (ਗ੍ਰਹਿ), ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਵਲੋਂ ਜਾਰੀ ਹਦਾਇਤਾਂ ਦੀ ਰੌਸ਼ਨੀ 'ਚ ਆਮ ਲੋਕਾਂ ਦੀਆਂ ਮੁਸ਼ਕਿਲਾਂ/ਜਰੂਰਤਾਂ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਆਮ ਲੋਕਾਂ ਦੀਆਂ ਜ਼ਰੂਰਤਾਂ ਨਾਲ ਸਬੰਧਤ ਦੁਕਾਨਾਂ ਸਵੇਰੇ 7 ਵਜੇ ਤੋਂ ਬਾਅਦ ਦੁਪਿਹਰ 1 ਵਜੇ ਤੱਕ ਹੇਠ ਲਿਖੇ 'ਰੋਸਟਰ' ਅਨੁਸਾਰ ਖੋਲ੍ਹਣ ਦੀ ਇਜ਼ਾਜਤ ਦਿੱਤੀ ਗਈ ਹੈ। ਦੁਕਾਨਾਂ ਵਿੱਚ ਖਰੀਦਦਾਰੀ ਲਈ ਬਾਜ਼ਾਰ ਜਾਣ ਸਮੇਂ ਪੈਦਲ ਜਾਂ ਕੇਵਲ ਦੋ ਪਹੀਆ ਵਾਹਨ ਦਾ ਹੀ ਇਸਤੇਮਾਲ ਕੀਤਾ ਜਾਵੇਗਾ, ਦੋ ਪਹੀਆ ਵਾਹਨ ਉਪਰ ਕੇਵਲ ਇੱਕ ਹੀ ਵਿਅਕਤੀ ਨੂੰ ਬੈਠਣ ਦੀ ਆਗਿਆ ਹੋਵੇਗੀ। ਕੰਨਟੇਨਮੈਂਟ ਜ਼ੋਨ ਦੇ 24 ਪਿੰਡਾਂ/ਵਾਰਡਾਂ 'ਚ ਇਹ ਢਿੱਲ ਲਾਗੂ ਨਹੀਂ ਹੋਵੇਗੀ।

ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਨਿਰਧਾਰਿਤ ਰੋਸਟਰ ਅਨੁਸਾਰ ਜ਼ਿਲ੍ਹੇ 'ਚ ਦੁੱਧ ਡੇਅਰੀ, ਮਿਲਕ ਬੂਥ/ਪਲਾਂਟ, ਦਵਾਈਆਂ, ਮਠਿਆਈ/ਹਲਵਾਈ, ਕੋਲਡ ਸਟੋਰੇਜ, ਵੇਅਰ ਹਾਊਸਿੰਗ ਸਰਵਿਸ ਸਬੰਧੀ ਦੁਕਾਨਾਂ ਹਫ਼ਤੇ ਦੇ ਸਾਰੇ ਦਿਨ ਖੁੱਲਣਗੀਆਂ ਰਹਿਣਗੀਆਂ।

ਸੋਮਵਾਰ ਤੋਂ ਸ਼ਨੀਵਾਰ ਤੱਕ ਕਰਿਆਨਾ, ਫ਼ਲ, ਸਬਜ਼ੀਆਂ, ਪੀਣ ਵਾਲਾ ਪਾਣੀ, ਬ੍ਰੈਡ-ਬੇਕਰੀ, ਆਟਾ ਚੱਕੀਆਂ, ਐਲ.ਪੀ.ਜੀ. ਗੈਸ ਏਜੰਸੀਆਂ, ਲੈਬੋਰਟਰੀਆਂ, ਸਰਜੀਕਲ, ਪਸ਼ੂਆਂ ਲਈ ਹਰਾ ਚਾਰਾ, ਪਸ਼ੂ ਫੀਡ, ਪੋਲਟਰੀ ਫੀਡ, ਤਾਜ਼ਾ ਮੀਟ, ਮੱਛੀ, ਪੋਲਟਰੀ, ਆਂਡਾ, ਸਾਈਕਲ, ਦੋ ਪਹੀਆ ਅਤੇ ਚਾਰ ਪਹੀਆ ਵਾਹਨਾਂ ਨਾਲ ਸਬੰਧਤ ਦੁਕਾਨਾਂ ਅਤੇ ਆਟੋਮੋਬਾਇਲ ਏਜੰਸੀਆਂ ਰਿਪੇਅਰ ਅਤੇ ਸਪੇਅਰ ਪਾਰਟਸ (ਕੇਵਲ ਸਰਵਿਸ ਅਤੇ ਰਿਪੇਅਰ), ਟਾਇਰ ਪੈਂਚਰ, ਕੋਰੀਅਰ ਸਰਵਿਸ, ਇੱਟਾਂ ਦੇ ਭੱਠੇ, ਖਾਦਾਂ, ਬੀਜ, ਕੀੜੇਮਾਰ ਦਵਾਈਆਂ ਆਦਿ, ਇਲੈਕਟ੍ਰਾਨਿਕਸ/ਇਲੈਕਟ੍ਰੀਕਲ/ਕੰਪਿਊਟਰ ਦੇ ਨਵੇਂ ਸਮਾਨ/ਰਿਪੇਅਰ, ਲੱਕੜ ਚੀਰਨ ਵਾਲੇ ਆਰੇ ਆਦਿ ਸਬੰਧੀ ਦੁਕਾਨਾਂ ਖੁੱਲ੍ਹੀਆਂ ਰਹਿਣਗੀਆਂ।

ਸੋਮਵਾਰ, ਬੁੱਧਵਾਰ ਅਤੇ ਸ਼ੁੱਕਰਵਾਰ ਨੂੰ ਮੋਬਾਇਲ ਰਿਪੇਅਰ/ਰਿਚਾਰਜ, ਟੈਲੀਕਾਮ ਆਪਰੇਟਰਜ਼ ਅਤੇ ਏਜੰਸੀਆਂ, ਹਾਰਡਵੇਅਰ/ਪੇਂਟ, ਕੰਨਸਟ੍ਰਕਸ਼ਨ ਮੈਟੀਰੀਅਲ, ਲੋਹਾ ਸੀਮਿੰਟ, ਸਰੀਆ, ਪਲਾਈ, ਸੈਨੇਟਰੀ, ਐਲਮੀਨੀਅਮ, ਸ਼ੀਸ਼ੇ ਨਾਲ ਸਬੰਧਤ, ਬੋਰਿੰਗ ਵਰਕਸ, ਵੈਲਡਿੰਗ ਦੀਆਂ ਦੁਕਾਨਾਂ ਖੁੱਲਣਗੀਆਂ।

ਮੰਗਲਵਾਰ ਅਤੇ ਵੀਰਵਾਰ ਨੂੰ ਮਨਿਆਰੀ, ਕੱਪੜਾ, ਰੇਡੀਮੇਡ ਕੱਪੜਾ, ਡਰਾਈਕਲੀਨ, ਹੈਂਡਲੂਮ, ਫੋਟੋਸਟੈਟ, ਸਟੇਸ਼ਨਰੀ, ਬੈਗ, ਚਮੜ੍ਹੇ ਦੀਆਂ ਵਸਤਾਂ, ਪ੍ਰੀਟਿੰਗ ਪ੍ਰੈੱਸ, ਖੇਡਾਂ ਦਾ ਸਮਾਨ, ਗਿਫਟ/ਖਿਡੌਣੇ ਦੀਆਂ ਖੁੱਲਣਗੀਆਂ।

ਮੰਗਲਵਾਰ ਅਤੇ ਸ਼ੁੱਕਰਵਾਰ ਵਾਲੇ ਦਿਨ ਜੁੱਤੇ, ਦਰਜੀ, ਲੈਸਾਂ/ਗੋਟਾ ਕਿਨਾਰੀ, ਫਰਨੀਚਰ, ਕਾਰਪੇਂਟਰ, ਮਨੀਗ੍ਰਾਮ/ਵੈਸਟਰਨ ਯੂਨੀਅਨ, ਟਿੰਬਰ ਮਰਚੈਂਟ ਦੀਆਂ ਦੁਕਾਨਾਂ ਖੁੱਲਣਗੀਆਂ।

ਬੁੱਧਵਾਰ ਅਤੇ ਸ਼ਨੀਵਾਰ ਨੂੰ ਜਿਊਲਰੀ, ਬਰਤਨ ਭੰਡਾਰ, ਕਰੋਕਰੀ, ਪਲਾਸਟਿਕ, ਐਨਕਾਂ, ਘੜੀਆਂ, ਗੈਸ ਚੁੱਲੇ ਰਿਪੇਅਰ,

ਫੋਟੋਗ੍ਰਾਫਰ ਦੀਆਂ ਦੁਕਾਨਾਂ ਖੁੱਲ੍ਹਣਗੀਆ। ਇਸ ਤੋਂ ਇਲਾਵਾ ਪੈਟਰੋਲ/ਡੀਜ਼ਲ ਪੰਪਾਂ ਨੂੰ ਖੋਲਣ ਸਬੰਧੀ ਇਸ ਦਫਤਰ ਵਲੋਂ ਪਹਿਲਾਂ ਜਾਰੀ ਕੀਤੇ ਗਏ ਹੁਕਮ ਹੀ ਲਾਗੂ ਰਹਿਣਗੇ।

ਇਸ ਤੋਂ ਇਲਾਵਾ ਬਾਰਬਰ ਸ਼ਾਪ, ਸੈਲੂਨ ਅਤੇ ਸਪਾ, ਸ਼ਾਪਿੰਗ ਕੰਪਲੈਕਸ ਤੇ ਸ਼ਾਪਿੰਗ ਮਾਲਜ਼ ਨੂੰ ਖੋਲ੍ਹਣ ਦੀ ਇਜ਼ਾਜ਼ਤ ਨਹੀਂ ਹੋਵੇਗੀ। ਪੇਂਡੂ ਇਲਾਕਿਆਂ 'ਚ ਉਹ ਸਾਰੀਆਂ ਦੁਕਾਨਾਂ ਜੋ ਕਿ ਸ਼ਾਪਸ ਤੇ ਐਸਟੈਬਲਿਸ਼ਮੈਂਟ ਐਕਟ ਤਹਿਤ ਰਜਿਸਟਰਡ ਹਨ (ਮਲਟੀ ਬ੍ਰਾਂਡ ਤੇ ਸਿੰਗਲ ਬ੍ਰਾਂਡ ਮਾਲਜ਼ ਨੂੰ ਛੱਡ ਕੇ), ਉਹ ਆਪਣੇ ਕਾਮਿਆਂ ਦੀ ਕੁੱਲ ਗਿਣਤੀ ਦੇ 50 ਫ਼ੀਸਦੀ ਨਾਲ ਖੁੱਲ ਸਕਦੀ ਹੈ। ਸ਼ਹਿਰੀ ਇਲਾਕਿਆਂ 'ਚ ਉਹ ਦੁਕਾਨਾਂ ਜਿਹੜੀਆਂ ਕਿ ਇਕੋ ਸਮਾਨ ਦੀਆਂ, ਹੋਰ ਦੁਕਾਨਾਂ ਤੇ ਰਿਹਾਇਸ਼ੀ ਇਲਾਕਿਆਂ 'ਚ ਸਥਿਤ ਦੁਕਾਨਾਂ ਨੂੰ ਖੋਲ੍ਹਣ ਦੀ ਮਨਜ਼ੂਰੀ ਹੋਵੇਗੀ, ਜਦਕਿ ਮਾਰਕਿਟ, ਮਾਰਕਿਟ ਕੰਪਲੈਕਸ ਅਤੇ ਸ਼ਾਪਿੰਗ ਮਾਲ ਖੋਲ੍ਹਣ ਦੀ ਇਜ਼ਾਜ਼ਤ ਨਹੀਂ ਹੋਵੇਗੀ। ਈ-ਕਾਮਰਸ ਕੰਪਨੀਆਂ ਨੂੰ ਕੇਵਲ ਜ਼ਰੂਰੀ ਵਸਤਾਂ ਦੀ ਸਪਲਾਈ ਲਈ ਆਗਿਆ ਹੋਵੇਗੀ।

ਉਕਤ ਦੁਕਾਨਾਂ ਨੂੰ ਖੋਲਣ ਦੀ ਇਜ਼ਾਜਤ ਹੇਠ ਲਿਖੀਆਂ ਸ਼ਰਤਾਂ ਤਹਿਤ ਦਿੱਤੀ ਜਾਂਦੀ ਹੈ ਕਿ ਕੋਵਿਡ-19 ਸਬੰਧੀ ਪ੍ਰੋਟੋਕੋਲ ਦੀ ਪਾਲਣਾ ਵਿੱਚ ਸੈਨੀਟਾਈਜਰ ਦੀ ਸੁਵਿਧਾ, ਘੱਟ ਤੋਂ ਘੱਟ 02 ਮੀਟਰ ਦੀ ਦੂਰੀ ਅਤੇ ਹਰੇਕ ਵਿਅਕਤੀ ਵਲੋਂ ਆਪਣੇ ਮੂੰਹ ਤੇ ਮਾਸਕ ਲਗਾਉਣਾ ਯਕੀਨੀ ਹੋਵੇਗਾ। ਸਬੰਧਤ ਦੁਕਾਨ ਮਾਲਕ ਵਲੋਂ ਹਰ ਪ੍ਰਕਾਰ ਦੀਆਂ ਕਰੋਨਾ ਵਾਇਰਸ ਨਾਲ ਸਬੰਧਤ ਸਾਵਧਾਨੀਆਂ ਦੀ ਪਾਲਣਾ ਕਰਨੀ ਜਰੂਰੀ ਹੋਵੇਗੀ ਅਤੇ ਸੋਸ਼ਲ ਡਿਸਟੈਂਸਿੰਗ ਕਾਇਮ ਰੱਖਣ ਲਈ ਦੁਕਾਨ ਦੇ ਬਾਹਰ 02-02 ਮੀਟਰ ਦੀ ਦੂਰੀ ਤੇ ਚੂਨੇ ਆਦਿ ਨਾਲ ਸੜਕ ਦੇ ਇੱਕ ਪਾਸੇ ਸਰਕਲ ਬਣਾਏ ਜਾਣ ਅਤੇ ਇਹਨਾਂ ਸਰਕਲਾਂ ਵਿੱਚ ਹੀ ਗ੍ਰਾਹਕਾਂ ਨੂੰ ਖੜ੍ਹਾ ਕੀਤਾ ਜਾਵੇ। ਇਸ ਤੋਂ ਇਲਾਵਾ ਸਬੰਧਤ ਦੁਕਾਨ ਮਾਲਕ ਕੰਮ ਕਰਨ ਵਾਲੇ ਕਰਮਚਾਰੀਆਂ ਲਈ ਸਾਫ-ਸਫਾਈ (ਸੈਨੀਟੇਸ਼ਨ ਤੇ ਹਾਈਜੀਨ) ਸਬੰਧੀ ਜਾਰੀ ਕੀਤੀ ਸਲਾਹ ਦੀ ਪਾਲਣਾ ਕਰਨੀ ਵੀ ਯਕੀਨੀ ਬਣਾਉਣਗੇ।

ਪ੍ਰੈੱਸ ਨੋਟ-2

ਹਲਵਾਈਆਂ ਨੂੰ ਪੁਰਾਣੀਆਂ ਤੇ ਖਰਾਬ ਮਠਿਆਈਆਂ ਨਸ਼ਟ ਕਰਨ ਦੀ ਹਦਾਇਤ

ਪੁਰਾਣੀਆਂ ਮਠਿਆਈਆਂ ਵਿੱਚ ਤੇਜ਼ਾਬੀ ਮਾਦਾ ਵਧਣ ਕਾਰਣ ਲੱਗ ਸਕਦੀਆਂ ਹਨ ਭਿਆਨਕ ਬਿਮਾਰੀਆਂ- ਸਹਾਇਕ ਕਮਿਸ਼ਨਰ ਫੂਡ

ਨਵਾਂਸ਼ਹਿਰ, 8 ਮਈ-

ਸਿਹਤ ਮੰਤਰੀ ਪੰਜਾਬ ਦੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਕਮਿਸ਼ਨਰ ਫੂਡ ਅਤੇ ਡਰੱਗ ਪ੍ਰਸ਼ਾਸ਼ਨ ਪੰਜਾਬ ਸ੍ਰੀ ਕਾਹਨ ਸਿੰਘ ਪੰਨੂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹਲਵਾਈਆਂ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਲੋਕਾਂ ਦੀ ਸਿਹਤ ਨੂੰ ਮੁੱਖ ਰੱਖਦੇ ਹੋਏ ਜੇਕਰ ਕਿਸੇ ਹਲਵਾਈ ਨੇ ਪੁਰਾਣੀਆਂ ਮਠਿਆਈਆਂ ਨੂੰ ਸਟੋਰ ਕੀਤਾ ਹੈ ਤਾਂ ਤੁਰੰਤ ਨਸ਼ਟ ਕਰ ਦਿੱਤੀਆ ਜਾਣ ਕਿਉਂ ਜੋ ਪੁਰਾਣੀਆਂ ਤੇ ਖਰਾਬ ਮਠਿਆਈਆਂ ਵਿੱਚ ਤੇਜ਼ਾਬੀ ਮਾਦਾ ਵਧਣ ਕਾਰਣ ਭਿਆਨਕ ਬਿਮਾਰੀਆਂ ਲੱਗ ਸਕਦੀਆਂ ਹਨ।

ਸਹਾਇਕ ਕਮਿਸ਼ਨਰ ਫੂਡ ਮਨੇਜ ਖੋਸਲਾ ਨੇ ਉਕਤ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਇਸ ਸਬੰਧੀ ਵਿਭਾਗ ਪਹਿਲਾਂ ਹੀ ਚੌਕਸੀ ਵਰਤ ਰਿਹਾ ਹੈ ਅਤੇ ਜ਼ਿਲ੍ਹੇ ਦੇ ਸਮੂਹ ਹਲਵਾਈਅ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਤਾਲਮੇਲ ਕਰਕੇ ਇਸ ਸਬੰਧੀ ਲੋੜੀਂਦੀ ਕਾਰਵਾਈ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਜੇਕਰ ਕੋਈ ਹਲਵਾਈ ਆਪਣੇ ਲਾਲਚ ਲਈ ਪੁਰਾਣੀ ਤੇ ਨਾ-ਖਾਣ ਯੋਗ ਮਠਿਆਈ ਨੂੰ ਮੁੜ ਵਰਤਣ ਦਾ ਯਤਨ ਕਰੇਗਾ ਤਾਂ ਉਸਦੇ ਖਿਲਾਫ਼ ਫੂਡ ਸੇਫਟੀ ਐਂਡ ਸਟੈਂਡਰਡ ਐਕਟ ਅਧੀਨ ਸਖਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਪੁਰਾਣੀ ਮਠਿਆਈ ਕਿਸੇ ਵੀ ਰੂਪ ਵਿੱਚ ਨਹੀਂ ਵੇਚਣ ਦਿੱਤੀ ਜਾਵੇਗੀ। ਇਸਦੇ ਨਾਲ ਹੀ ਜੇਕਰ ਕਿਸੇ ਦੁਕਾਨਦਾਰ ਕੋਲ ਮਿਆਦ ਪੁੱਗੀਆਂ ਵਸਤਾਂ ਦਾ ਸਟਾਕ ਪਿਆ ਹੈ ਤਾਂ ਉਸਨੂੰ ਵੀ ਤੁਰੰਤ ਨਸ਼ਟ ਕਰ ਦਿੱਤਾ ਜਾਵੇ ਅਤੇ ਕਿਸੇ ਵੀ ਹਾਲਤ ਵਿੱਚ ਮਿਆਦ ਪੁੱਗੀਆਂ ਵਸਤਾਂ ਲੋਕਾਂ ਨੂੰ ਨਾ ਵੇਚੀਆਂ ਜਾਣ ਤਾਂ ਜੋ ਕਿ ਉਨ੍ਹਾਂ ਦੀ ਸਿਹਤ 'ਤੇ ਮਾੜਾ ਪ੍ਰਭਾਵ ਨਾ ਪਵੇ।

ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਸ਼ਹੀਦ ਭਗਤ ਸਿੰਘ ਨਗਰ
ਪ੍ਰੈੱਸ ਨੋਟ-3
ਜ਼ਿਲ੍ਹੇ 'ਚ ਬਾਹਰਲੇ ਜ਼ਿਲ੍ਹੇ ਦੇ ਕੇਸ ਸਮੇਤ 18 ਕੇਸ ਨਵੇਂ ਆਏ

ਐਕਟਿਵ ਕੇਸਾਂ ਦੀ ਗਿਣਤੀ 84 ਹੋਈ
ਨਵਾਂਸ਼ਹਿਰ, 8 ਮਈ-
ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ 'ਚ ਦੇਰ ਰਾਤ ਆਏ ਕੋਵਿਡ-19 ਦੇ ਸੈਂਪਲਾਂ ਦੇ ਨਤੀਜਿਆਂ 'ਚੋਂ 18 ਹੋਰ ਕੇਸ ਪਾਜ਼ਿਟਿਵ ਆਏ ਹਨ, ਜਿਨ੍ਹਾਂ 'ਚੋਂ ਇੱਕ ਕੇਸ ਦਾ ਸਬੰਧ ਲੁਧਿਆਣਾ ਜ਼ਿਲ੍ਹੇ ਦੇ ਵਿਅਕਤੀ ਨਾਲ ਹੈ।
ਸਿਵਲ ਸਰਜਨ ਡਾ. ਰਾਜਿੰਦਰ ਭਾਟੀਆ ਅਨੁਸਾਰ ਇਨ੍ਹਾਂ 18 'ਚੋਂ 10 ਕੇਸ ਜ਼ਿਲ੍ਹੇ 'ਚ ਸਥਾਪਿਤ ਦੋ ਇਕਾਂਤਵਾਸ ਕੇਂਦਰਾਂ ਨਾਲ ਸਬੰਧਤ ਹਨ ਜਦਕਿ ਬਾਕੀ ਦੇ 8 'ਚੋਂ ਇੱਕ-ਇੱਕ ਗਰਚਾ, ਭੌਰਾ, ਕਮਾਮ, ਗੁਣਾਚੌਰ, ਸ਼ਕਤੀ ਨਗਰ ਬੰਗਾ, ਮਾਹੀਪੁਰ, ਮੰਗੂਪੁਰ ਤੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਮਾਛੀਵਾੜਾ ਖ਼ਾਮ ਨਾਲ ਸਬੰਧਤ ਹਨ। ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਕੇਸ ਲੁਧਿਆਣਾ ਜ਼ਿਲ੍ਹੇ 'ਚ ਹੀ ਹੋਣ ਕਾਰਨ ਸਿਵਲ ਹਸਪਤਾਲ ਲੁਧਿਆਣਾ ਵੱਲੋਂ ਸੰਭਾਲਿਆ ਗਿਆ ਹੈ। ਇਹ ਕੇਸ ਨਵਾਸ਼ਹਿਰ 'ਚ ਇੱਕ ਡਾਕਟਰ ਕੋਲ ਨੱਕ ਦੀ ਸਰਜਰੀ ਲਈ ਆਇਆ ਸੀ ਪਰੰਤੀ ਡਾਕਟਰ ਵੱਲੋਂ ਇਹਤਿਆਤ ਦੇ ਤੌਰ 'ਤੇ ਉਸ ਨੂੰ ਸਿਵਲ ਹਸਪਤਾਲ ਨਵਾਸ਼ਹਿਰ 'ਚੋਂ ਆਪਣਾ ਟੈਸਟ ਕਰਵਾਉਣ ਲਈ ਰੈਫ਼ਰ ਕਰ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਨਾਂਦੇੜ ਤੋਂ ਆਏ ਵਿਅਤੀਆਂ 'ਚੋਂ 8 ਇਕਾਂਤਵਾਸ ਕੇਂਦਰ ਰੈਲ ਮਾਜਰਾ ਅਤੇ 2 ਇਕਾਂਤਵਾਸ ਕੇਂਦਰ ਬਹਿਰਾਮ ਨਾਲ ਸਬੰਧਤ ਹਨ।
ਡਾ. ਭਾਟੀਆ ਅਨੁਸਾਰ ਇਨ੍ਹਾਂ ਨਵੇਂ ਕੇਸਾਂ ਦੇ ਆਉਣ ਨਾਲ ਜ਼ਿਲ੍ਹੇ 'ਚ ਇਲਾਜ ਅਧੀਨ ਕੇਸਾਂ ਦੀ ਗਿਣਤੀ 84 ਹੋ ਗਈ ਹੈ।
ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਸ਼ਹੀਦ ਭਗਤ ਸਿੰਘ ਨਗਰ
ਪ੍ਰੈੱਸ ਨੋਟ-4
ਤੇਲੰਗਾਨਾ ਤੋਂ ਪੰਜਾਬ ਆਇਆ ਹਰਮੇਸ਼ ਲਾਲ ਇਕਾਂਤਵਾਸ 'ਚ ਵੀ ਪੂਰਾ ਖੁਸ਼ ਹੈ

ਐਸ ਡੀ ਐਮ ਜਸਬੀਰ ਸਿੰਘ ਨਾਲ ਗੱਲਬਾਤ ਦੌਰਾਨ ਸਰਕਾਰ ਦਾ ਆਪਣੇ ਘਰੋਗੀ ਜ਼ਿਲ੍ਹੇ 'ਚ ਲਿਆਉਣ 'ਤੇ ਕੀਤਾ ਧੰਨਵਾਦ
ਬਲਾਚੌਰ, 8 ਮਈ-
ਰਿਆਤ ਕੈਂਪਸ ਰੈਲ ਮਾਜਰਾ ਦੇ ਇਕਾਂਤਵਾਸ ਕੇਂਦਰ 'ਚ ਰਹਿ ਰਿਹਾ ਨੇੜਲੇ ਪਿੰਡ ਪੋਜੇਵਾਲ ਦਾ ਹਰਮੇਸ਼ ਲਾਲ ਕਿਾਂਤਵਾਸ 'ਚ ਰਹਿ ਕੇ ਵੀ ਪੂਰਾ ਖੁਸ਼ ਹੈ, ਜਿਸ ਦਾ ਕਾਰਨ ਉਸ ਦਾ ਇਸ ਲਾਕ ਡਾਊਨ ਦੇ ਸਮੇਂ 'ਚ ਸਰਕਾਰੀ ਵੱਲੋਂ ਭੇਜੀਆਂ ਬੱਸਾਂ ਰਾਹੀਂ ਤੇਲੰਗਾਨਾ ਤੋਂ ਆਪਣੇ ਘਰੋਗੀ ਜ਼ਿਲ੍ਹੇ ਤੱਕ ਸਹੀ ਸਲਾਮਤ ਪਹੁੰਚ ਜਾਣਾ ਹੈ।
ਐਸ ਡੀ ਐਮ ਜਸਬੀਰ ਸਿੰਘ ਨਾਲ ਗੱਲਬਾਤ ਦੌਰਾਨ ਹਰਮੇਸ਼ ਸਿੰਘ ਨੇ ਕਿਹਾ ਕਿ ਉਸ ਲਈ ਆਪਣੇ ਘਰ ਵਾਪਸ ਆਉਣਾ ਇੱਕ ਸੁਫ਼ਨਾ ਸੱਚ ਹੋਣ ਵਾਂਗ ਹੈ। ਤੇਲੰਗਾਨਾ 'ਚ ਰੋਜ਼ੀ-ਰੋਟੀ ਲਈ ਗਏ ਹੋਏ ਹਰਮੇਸ਼ ਲਾਲ ਨੂੰ ਫ਼ੈਕਟਰੀ ਦੇ ਬੰਦ ਹੋਣ ਬਾਅਦ ਵੱਡੀ ਚਿੰਤਾ ਆਪਣੇ ਘਰ ਜਾਣ ਦੀ ਸਤਾ ਰਹੀ ਸੀ। ਉਸ ਦਾ ਕਹਿਣਾ ਹੈ ਕਿ ਜਦੋਂ ਸਰਕਾਰ ਵੱਲੋਂ ਨੰਦੇੜ ਤੋਂ ਲੋਕਾ ਨੂੰ ਲਿਆਉਣ ਲਈ ਬੱਸਾਂ ਦੀ ਸ਼ੁਰੂਆਤ ਕੀਤੀ ਗਈ ਤਾਂ ਉਸ ਨੂੰ ਵੀ ਆਪਣੇ ਜ਼ਿਲ੍ਹੇ ਸ਼ਹੀਦ ਭਗਤ ਸਿੰਘ ਨਗਰ ਆਉਣ ਦਾ ਮੌਕਾ ਮਿਲ ਗਿਆ।
ਉਸ ਨੇ ਐਸ ਡੀ ਐਮ ਜਸਬੀਰ ਸਿੰਘ ਨਾਲ ਗੱਲਬਾਤ ਦੌਰਾਨ ਪੰਜਾਬ ਸਰਕਾਰ ਤੇ ਬਲਾਚੌਰ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਸ ਨੂੰ ਇਕਾਂਤਵਾਸ 'ਚ ਰਹਿਣ ਦੀ ਕੋਈ ਪ੍ਰੇਸ਼ਾਨੀ ਨਹੀਂ ਹੈ ਬਲਕਿ ਖੁਸ਼ੀ ਹੈ ਕਿ ਇੱਥੇ ਘਰ ਵਰਗਾ ਮਾਹੌਲ ਮਿਲਿਆ ਹੈ। ਤਿੰਨ ਵਕਤ ਦਾ ਖਾਣਾ, ਫ਼ਲ-ਫ਼ਰੂਟ ਤੇ ਚਾਹ ਆਦਿ ਬਿਨਾਂ ਮੰਗਿਆਂ ਪਹੁੰਚ ਰਿਹਾ ਹੈ। ਡਾਕਟਰ ਬਿਨਾਂ ਨਾਗਾ ਚੈਕ ਕਰ ਰਹੇ ਹਨ।

ਘਰ ਰੋਜ਼ ਫ਼ੋਨ 'ਤੇ ਗੱਲ ਹੋਰ ਹੀ ਹੈ। ਮਨ ਪੂਰਾ ਖੁਸ਼ ਹੈ।

ਐਸ ਡੀ ਐਮ ਜਸਬੀਰ ਸਿੰਘ ਨੇ ਦੱਸਿਆ ਕਿ ਇਕਾਂਤਵਾਸ 'ਚ ਰਹਿਣ ਵਾਲੇ ਵਿਅਕਤੀਆਂ 'ਚੋਂ ਅੱਜ 8 ਦੇ ਕੇਸ ਪਾਜ਼ਿਟਿਵ ਆ ਜਾਣ ਕਾਰਨ ਹੁਣ ਬਾਕੀ ਰਹਿ ਗਏ ਵਿਅਕਤੀਆਂ ਦੇ ਇੱਕ ਵਾਰ ਫ਼ਿਰ ਟੈਸਟ ਕਰਵਾਏ ਜਾਣਗੇ ਤੇ ਉਸ ਤੋਂ ਬਾਅਦ ਉਨ੍ਹਾਂ ਨੂੰ ਉਨ੍ਹਾਂ ਦੇ ਪਿੰਡ ਦੇ ਬਾਹਰ ਬਣਾਏ ਇਕਾਂਤਵਾਸ 'ਚ ਰਹਿੰਦੇ ਦਿਨਾਂ ਲਈ ਰੱਖਿਆ ਜਾਵੇਗਾ ਅਤੇ 21 ਦਿਨ ਦਾ ਕੁੱਲ ਸਮਾਂ ਪੂਰਾ ਹੋਣ 'ਤੇ ਉਹ ਆਪਣੇ ਪਰਿਵਾਰਾਂ 'ਚ ਘੁਲ ਮਿਲ ਸਕਣਗੇ।

ਮੌਕੇ 'ਤੇ ਮੌਜੂਦ ਤਹਿਸੀਲਦਾਰ ਚੇਤਨ ਬੰਗੜ ਅਤੇ ਐਸ ਐਮ ਓ ਕਾਠਗੜ੍ਹ ਡਾ. ਗੁਰਿੰਦਰਜੀਤ ਸਿੰਘ ਨੇ ਦੱਸਿਆ ਕਿ ਇਕਾਂਤਵਾਸ ਕੇਂਦਰ 'ਚ ਰਹਿ ਰਹੇ ਵਿਅਕਤੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਨਹੀਨ ਆਉਣ ਦਿੱਤੀ ਜਾ ਰਹੀ।

ਫ਼ੋਟੋ ਕੈਪਸ਼ਨ: ਐਸ ਡੀ ਐਮ ਜਸਬੀਰ ਸਿੰਘ ਇਕਾਂਤਵਾਸ ਕੇਨਦਰ ਰੈਲ ਮਾਜਰਾ 'ਚ ਰਹਿਣ ਵਾਲੇ ਵਿਅਕਤੀਆਂ ਦਾ ਹਾਲ ਚਾਲ ਪੁੱਛਦੇ ਹੋਏ।

ਪ੍ਰੈੱਸ ਨੋਟ-5

ਉੱਪ ਮੰਡਲ ਮੈਜਿਸਟ੍ਰੇਟ ਵੱਲੋਂ ਅਜਤਿ ਸਿੰਘ ਓਮ ਪ੍ਰਕਾਸ ਟ੍ਰੇਡਰਜ਼ ਨੂੰ ਕਾਰਨ ਦੱਸੋ ਨੋਟਿਸ

ਨਵਾਂਸ਼ਹਿਰ, 8 ਮਈ-

ਉੱਪ ਮੰਡਲ ਮੈਜਿਸਟ੍ਰੇਟ ਨਵਾਂਸ਼ਹਿਰ ਜਗਦੀਸ਼ ਸਿੰਘ ਜੌਹਲ ਨੇ ਮੈ. ਅਜੀਤ ਸਿੰਘ ਓਮ ਪ੍ਰਕਾਸ਼ ਟ੍ਰੇਡਰਜ਼ ਕੰਪਨੀ ਨਵਾਂਸ਼ਹਿਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਦਿਆਂ ਆਪਣਾ ਸਪੱਸ਼ਟੀਕਰਨ ਦੇਣ ਦੀ ਹਦਾਇਤ ਕੀਤੀ ਹੈ ਅਤੇ ਸਪੱਸ਼ਟੀਕਰਨ ਨਾ ਦੇਣ ਦੀ ਸੂਰਤ 'ਚ 'ਦੀ ਐਪੀਡੈਮਿਕ ਡਿਜ਼ੀਜ਼ ਐਕਟ 1897' ਤਹਿਤ ਬਣਦੀ ਕਾਰਵਾਈ ਅਮਲ 'ਚ ਲਿਆਉਣ ਲਈ ਆਖਿਆ ਹੈ।

ਉੱਪ ਮੰਡਲ ਮੈਜਿਸਟ੍ਰੇਟ ਅਨੁਸਾਰ ਉਕਤ ਫ਼ਰਮ ਖ਼ਿਲਾਫ਼ ਮੁੱਖ ਮੰਤਰੀ ਪੰਜਾਬ ਦੇ ਦਫ਼ਤਰ ਨੂੰ ਸ਼ਹਿਰ ਦੇ ਇੱਕ ਵਿਅਕਤੀ ਵੱਲੋਂ ਦਿੱਤੀ ਗਈ ਦਰਖ਼ਾਸਤ 'ਚ ਦੋਸ਼ ਲਾਇਆ ਗਿਆ ਸੀ ਕਿ ਫ਼ੈਕਟਰੀ ਵੱਲੋਂ ਕੋਵਿਡ-19 ਤਹਿਤ ਨਿਰਧਾਰਿਤ ਨਿਰਦੇਸ਼ਾਂ ਦੀ ਪੂਰੀ ਤਰ੍ਹਾਂ ਪਾਲਣਾ ਨਹੀਂ ਕੀਤੀ ਜਾ ਰਹੀ। ਇਸ ਸ਼ਿਕਾਇਤ ਦੇ ਨਾਲ ਇੱਕ ਵੀਡਿਓ ਵੀ ਲਾਇਆ ਗਿਆ ਸੀ। ਐਸ ਡੀ ਐਮ ਜੌਹਲ ਅਨੁਸਾਰ ਉਨ੍ਹਾਂ ਵੱਲੋਨ ਕੋਈ ਵੀ ਕਾਰਵਾਈ ਅਮਲ 'ਚ ਲਿਆਮੁਣ ਤੋਂ ਪਹਿਲਾਂ ਇਸ ਫ਼ਰਮ ਨੂੰ ਆਪਣਾ ਜੁਆਬ ਦੇਣ ਲਈ ਆਖਿਆ ਗਿਆ ਹੈ ਅਤੇ ਉਸ ਤੋਂ ਬਾਅਦ ਜੁਆਬ ਨੂੰ ਵਿਚਾਰਦੇ ਹੋਏ ਅਗਲੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।